**ਮਾਸਕੋ ਵਿਖੇ, ਭਾਰਤ-ਰੂਸ ਫੌਜੀ ਅਤੇ ਫੌਜੀ ਤਕਨਾਲੋਜੀ ਸਹਿਯੋਗ ਬਾਰੇ ਅੰਤਰ-ਸਰਕਾਰੀ ਕਮਿਸ਼ਨ ਦਾ 21ਵਾਂ ਸੈਸ਼ਨ**

10 ਦਸੰਬਰ, 2024

10 ਦਸੰਬਰ, 2024 ਨੂੰ ਮਾਸਕੋ ਵਿਖੇ ਹੋਏ, ਫੌਜੀ ਅਤੇ ਫੌਜੀ ਤਕਨਾਲੋਜੀ ਸਹਿਯੋਗ ਬਾਰੇ ਭਾਰਤ-ਰੂਸ ਅੰਤਰ-ਸਰਕਾਰੀ ਕਮਿਸ਼ਨ (IRIGC-M&MTC) ਦੇ 21ਵੇਂ ਸੈਸ਼ਨ ਦੀ ਸਹਿ-ਪ੍ਰਧਾਨਗੀ ਰੱਖਿਆ ਮੰਤਰੀ ਸ਼੍ਰੀ ਰਾਜਨਾਥ ਸਿੰਘ ਅਤੇ ਰੂਸੀ ਰੱਖਿਆ ਮੰਤਰੀ ਸ਼੍ਰੀ ਐਂਡਰੇ  ਬੇਲੋਸੋਵ ਨੇ ਕੀਤੀ। ਰੱਖਿਆ ਮੰਤਰੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਭਾਰਤ-ਰੂਸ ਦੇ ਸਬੰਧ ਬਹੁਤ ਮਜ਼ਬੂਤ ਹਨ, ਇੱਕ ਖਾਸ ਅਤੇ ਵਿਸ਼ੇਸ਼ ਅਧਿਕਾਰ ਪ੍ਰਾਪਤ ਰਣਨੀਤਕ ਭਾਈਵਾਲੀ ਦੀਆਂ ਜ਼ਿੰਮੇਵਾਰੀਆਂ ਉੱਤੇ ਖਰੇ ਉਤਰਦੇ ਹਨ। ਉਹਨਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੇ ਸਾਲ 2024 ਦੌਰਾਨ ਕੀਤੇ ਗਏ ਰੂਸ ਦੇ ਦੋ ਦੌਰਿਆਂ ਸਮੇਤ, ਹਾਲ ਹੀ ਹੋਏ ਵਿਚਾਰ-ਵਟਾਂਦਰਿਆਂ ਨਾਲ ਸਬੰਧ ਹੋਰ ਹੀ ਮਜ਼ਬੂਤ ਹੋਏ ਹਨ।

2. ਸ਼੍ਰੀ ਰਾਜਨਾਥ ਸਿੰਘ ਨੇ ਸਾਰੇ ਡੋਮੇਨ ਅਤੇ ਉਦਯੋਗਿਕ ਸਹਿਯੋਗ ਵਿੱਚ ਆਪਣੇ ਘਰੇਲੂ ਰੱਖਿਆ ਉਦਯੋਗ ਦੀਆਂ ਸਮਰੱਥਾਵਾਂ ਨੂੰ ਵਧਾਉਣ ਦੇ ਭਾਰਤ ਸਰਕਾਰ ਦੇ ਦ੍ਰਿੜ ਸੰਕਲਪ ਨੂੰ ਵਿਅਕਤ ਕੀਤਾ। ਉਹਨਾਂ ਨੇ 'ਮੇਕ ਇਨ ਇੰਡੀਆ' ਪ੍ਰੋਜੈਕਟਾਂ ਵਿੱਚ ਰੂਸੀ ਉਦਯੋਗਾਂ ਦੀ ਭਾਗੀਦਾਰੀ ਨੂੰ ਵਧਾਉਣ ਲਈ ਨਵੇਂ ਮੌਕਿਆਂ ਉੱਤੇ ਜ਼ੋਰ ਦਿੱਤਾ। ਉਹਨਾਂ ਨੇ ਰੂਸ ਦੇ ਨਾਲ ਖਾਸ ਅਤੇ ਵਿਸ਼ੇਸ਼ ਅਧਿਕਾਰ ਪ੍ਰਾਪਤ ਰਣਨੀਤਕ ਭਾਈਵਾਲੀ ਪ੍ਰਤੀ ਭਾਰਤ ਦੀ ਵਚਨਬੱਧਤਾ ਨੂੰ ਦੁਹਰਾਇਆ।

3. ਰੂਸੀ ਰੱਖਿਆ ਮੰਤਰੀ ਨੇ ਆਪਸੀ ਵਿਸ਼ਵਾਸ 'ਤੇ ਆਧਾਰਿਤ ਦੋਵਾਂ ਦੇਸ਼ਾਂ ਵਿਚਕਾਰ ਦੇ ਸਬੰਧਾਂ ਨੂੰ ਹੋਰ ਡੂੰਘਾ ਕਰਨ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ INS ਤੁਸ਼ੀਲ ਦੇ ਹਸਤਾਂਤਰ ਪ੍ਰਾਪਤ ਕਰਨ 'ਤੇ ਰੱਖਿਆ ਮੰਤਰੀ ਨੂੰ ਵਧਾਈ ਦਿੱਤੀ। ਉਹਨਾਂ ਨੇ ਅੱਗੇ ਕਿਹਾ ਕਿ ਸਾਲ 2021-31 ਲਈ ਫੌਜੀ ਤਕਨੀਕੀ ਸਹਿਯੋਗ ਸਮਝੌਤੇ ਦੇ ਅਮਲ ਵਿੱਚ ਆਉਣ ਨਾਲ 'ਮੇਕ ਇਨ ਇੰਡੀਆ' ਨੂੰ ਲੋੜੀਂਦਾ ਉਤਸਾਹ ਮਿਲੇਗਾ। ਸ਼੍ਰੀ ਰਾਜਨਾਥ ਸਿੰਘ ਨੇ ਮੰਤਰੀ ਬੇਲੋਸੋਵ ਨੂੰ 2025 ਵਿੱਚ IRIGC-M&MTC ਦੇ 22ਵੇਂ ਸੈਸ਼ਨ ਦੀ ਸਹਿ-ਪ੍ਰਧਾਨਗੀ ਕਰਨ ਲਈ ਭਾਰਤ ਆਉਣ ਦਾ ਸੱਦਾ ਦਿੱਤਾ। ਉਹਨਾਂ ਨੇ ਸੱਦਾ ਸਵੀਕਾਰ ਕਰ ਲਿਆ।

4. ਅੰਤ ਵਿੱਚ, ਦੋਵਾਂ ਮੰਤਰੀਆਂ ਨੇ ਸਹਿਯੋਗ ਦੇ ਜਾਰੀ ਅਤੇ ਸੰਭਾਵੀ ਖੇਤਰਾਂ ਨੂੰ ਉਜਾਗਰ ਕਰਦੇ ਹੋਏ IRIGC-M&MTC ਦੀ 21ਵੀਂ ਬੈਠਕ ਦੇ ਪ੍ਰੋਟੋਕੋਲ 'ਤੇ ਹਸਤਾਖਰ ਕੀਤੇ।

5. ਬੈਠਕ ਤੋਂ ਪਹਿਲਾਂ, ਰੱਖਿਆ ਮੰਤਰੀ ਨੇ ਕੇਂਦਰੀ ਮਾਸਕੋ ਵਿੱਚ ਰੂਸੀ ਰੱਖਿਆ ਮੰਤਰਾਲੇ ਵਿੱਚ ਗਾਰਡ ਔਫ ਆਨਰ ਦਾ ਨਿਰੀਖਣ ਕੀਤਾ। ਇਸ ਤੋਂ ਪਹਿਲਾਂ, ਉਹਨਾਂ ਨੇ ਦੂਜੇ ਵਿਸ਼ਵ ਯੁੱਧ ਦੌਰਾਨ ਮਾਰੇ ਗਏ ਸੋਵੀਅਤ ਸੈਨਿਕਾਂ ਦੀ ਯਾਦ ਵਿੱਚ ਸ਼ਰਧਾਂਜਲੀ ਦੇਣ ਲਈ ਮਾਸਕੋ ਵਿੱਚ 'ਅਣਜਾਣ ਸੈਨਿਕਾਂ ਦੀ ਕਬਰ' 'ਤੇ ਫੁੱਲਮਾਲਾ ਭੇਟ ਕੀਤੀ।

**ਨਵੀਂ ਦਿੱਲੀ**

**10 ਦਸੰਬਰ, 2024**